# असीं आए तेरे दरबार

ਅਸੀਂ ਆਏ ਤੇਰੇ ਦਰਬਾਰ,
ਕਿ ਦਰਸ਼ਨ ਦੇ ਮਾਤਾ ॥
ਮੇਰੀ ਮਈਆ ਸ਼ੇਰਾਂਵਾਲੀ,
ਮੇਰੀ ਮਈਆ ਮੇਹਰਾਂਵਾਲੀ ।
*ਅਸੀਂ ਆਏ ਹਾਂ ਪਹਿਲੀ ਵਾਰ,
ਕਿ ਦਰਸ਼ਨ ਦੇ ਮਾਤਾ ।
ਅਸੀਂ ਆਏ ਤੇਰੇ ਦਰਬਾਰ,,,,,,,,

ਮੈਂ ਨਿਰਬਲ ਕਮਜ਼ੋਰ ਭਵਾਨੀ,
"ਤੂੰ ਸ਼ਾਹਾਂ ਦੀ ਸ਼ਾਹ ਭਵਾਨੀ" ॥
*ਤੂੰ ਹੈ ਸੱਚੀ ਸਰਕਾਰ,
ਕਿ ਦਰਸ਼ਨ ਦੇ ਮਾਤਾ,,,
ਅਸੀਂ ਆਏ ਤੇਰੇ ਦਰਬਾਰ,,,,,,,,,

ਨਿਗਾਹ ਸਵੱਲੀ ਹੋਵੇ ਜੇ ਤੇਰੀ,
"ਜਾਗ ਪਵੇ ਫ਼ਿਰ ਕਿਸਮਤ ਮੇਰੀ" ॥
*ਤੇਰੀ ਹੋ ਰਹੀ ਜੈ ਜੈਕਾਰ,
ਕਿ ਦਰਸ਼ਨ ਦੇ ਮਾਤਾ,,,
ਅਸੀਂ ਆਏ ਤੇਰੇ ਦਰਬਾਰ,,,,,,,,,

ਜਿਸ ਪਾਸੇ ਮੈਂ ਨਜ਼ਰ ਦੌੜਾਵਾਂ,
"ਹਰ ਸ਼ੈਅ ਅੰਦਰ ਜਲਵਾ ਪਾਵਾਂ" ॥
*ਤੁਸੀਂ ਕਰ ਦਿਓ ਬੇੜੇ ਪਾਰ,
ਕਿ ਦਰਸ਼ਨ ਦੇ ਮਾਤਾ,,,
ਅਸੀਂ ਆਏ ਤੇਰੇ ਦਰਬਾਰ,,,,,,,,,

ਕੈਲਾਸ਼ ਨਾਥ ਹੈ ਬੱਚੜਾ ਤੇਰਾ,
"ਦਾਤੀ ਮਾਣ ਤੂੰ ਰੱਖਣਾ ਮੇਰਾ" ॥
*ਤੇਰੀ ਸ਼ਕਤੀ ਤੋਂ ਬਲਿਹਾਰ,
ਕਿ ਦਰਸ਼ਨ ਦੇ ਮਾਤਾ,,,
ਅਸੀਂ ਆਏ ਤੇਰੇ ਦਰਬਾਰ,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/27470/title/asi-aaye-tere-darbaar

अपने Android मोबाइल पर BhajanGanga App डाउनलोड करें और भजनों का आनंद ले |